. BCM SCHOOL BASANT AVENUE
DUGRI LUDHIANA
ASSIGNMENT DECEMBER-2025
CLASS- 6(PUNJABI)
. (Answer Key)

**Q1** ਅਣਡਿੱਠਾ ਪੈਰ੍ਹਾ

ਕਿਤਾਬਾਂ ਮਨੁੱਖ ਦੇ ਸਭ ਤੋਂ ਚੰਗੇ ਦੋਸਤ ਮੰਨੀ ਜਾਂਦੀਆਂ ਹਨ। ਇਹ ਸਾਨੂੰ ਨਾ ਸਿਰਫ਼ ਗਿਆਨ ਦਿੰਦੀਆਂ ਹਨ, ਸਗੋਂ ਜੀਵਨ ਬਾਰੇ ਸਿਖਲਾਈ ਵੀ ਦਿੰਦੀਆਂ ਹਨ। ਕਿਤਾਬ ਪੜ੍ਹਨ ਨਾਲ ਮਨ ਸ਼ਾਂਤ ਰਹਿੰਦਾ ਹੈ ਅਤੇ ਸੋਚਣ ਦੀ ਸਮਰੱਥਾ ਵੱਧਦੀ ਹੈ। ਬਚਪਨ ਤੋਂ ਹੀ ਬੱਚਿਆਂ ਨੂੰ ਕਿਤਾਬਾਂ ਨਾਲ ਦੋਸਤੀ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਚੰਗੀਆਂ ਆਦਤਾਂ ਵਿਕਸਿਤ ਕਰ ਸਕਣ। ਅੱਜਕੱਲ੍ਹ ਬੱਚੇ ਮੋਬਾਈਲ ਤੇ ਵੱਧ ਸਮਾਂ ਬਿਤਾਉਂਦੇ ਹਨ, ਜਿਸ ਨਾਲ ਪੜ੍ਹਨ ਦੀ ਆਦਤ ਘੱਟ ਰਹਿ ਗਈ ਹੈ। ਜੇ ਅਸੀਂ ਰੋਜ਼ ਥੋੜ੍ਹਾ ਸਮਾਂ ਕਿਤਾਬਾਂ ਨੂੰ ਦੇਈਏ, ਤਾਂ ਇਹ ਸਾਡੇ ਭਵਿੱਖ 'ਚ ਸਫਲਤਾ ਦੇ ਰਸਤੇ ਖੋਲ੍ਹਦੀਆਂ ਹਨ।

ਪ੍ਰਸ਼ਨ1. ਕਿਤਾਬਾਂ ਮਨੁੱਖ ਦੇ ਕਿਸ ਤਰ੍ਹਾਂ ਦੇ ਦੋਸਤ ਮੰਨੀ ਜਾਂਦੀਆਂ ਹਨ?
A. ਆਮ ਦੋਸਤ. B. ਬੁਰੇ ਦੋਸਤ C.ਚੰਗੇ ਦੋਸਤ
D. ਗੁੱਸੇ ਵਾਲੇ ਦੋਸਤ
. ਉੱਤਰ- **C.**ਚੰਗੇ ਦੋਸਤ

ਪ੍ਰਸ਼ਨ 2-ਕਿਤਾਬ ਪੜ੍ਹ.ਨ ਨਾਲ ਕੀ ਲਾਭ ਹੁੰਦਾ ਹੈ?

. A. ਮਨ ਉਦਾਸ ਹੁੰਦਾ ਹੈ B. ਸੋਚਣ ਦੀ ਸਮਰੱਥਾ ਘੱਟਦੀ ਹੈ. C. ਮਨ ਸ਼ਾਂਤ ਰਹਿੰਦਾ ਹੈ
. D. ਗੁੱਸਾ ਵੱਧਦਾ ਹੈ
. ਉੱਤਰ **C.** ਮਨ ਸ਼ਾਂਤ ਰਹਿੰਦਾ ਹੈ
. ਪ੍ਰਸ਼ਨ-3. ਬੱਚੇ ਅੱਜਕੱਲ੍ਹ ਕਿਸ 'ਤੇ ਵੱਧ ਸਮਾਂ ਬਿਤਾਉਂਦੇ ਹਨ?
. A. ਕਿਤਾਬਾਂ 'ਤੇ. B ਮੋਬਾਈਲ 'ਤੇ. C. ਮੈਦਾਨ ਵਿੱਚ
D. ਗਾਣੇ ਸੁਣਨ ਵਿੱਚ
. ਉੱਤਰ- **B** ਮੋਬਾਈਲ '**ਤੇ.**

**Q-2**ਹੇਠਾਂ ਦਿੱਤੇ ਅਣਡਿੱਠੇ ਕਾਵਿ**-**ਟੋਟੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ**-**

ਸਵੇਰ ਦੀ ਰੋਸ਼ਨੀ"
ਸਵੇਰ ਦੀ ਰੋਸ਼ਨੀ ਜਦੋਂ,
ਧਰਤੀ 'ਤੇ ਫੈਲ ਜਾਂਦੀ ਹੈ,
ਚਿੜੀਆਂ ਦੀ ਮਿੱਠੀ ਬੋਲੀ,
ਹਰ ਦਿਲ ਨੂੰ ਖੁਸ਼ ਕਰ ਜਾਂਦੀ ਹੈ।
ਠੰਡੀ ਹਵਾ ਦੇ ਝੋਕੇ,
ਮਨ ਨੂੰ ਤਾਜ਼ਗੀ ਦੇ ਜਾਂਦੇ,
ਨਵਾਂ ਦਿਨ ਨਵੀਂ ਉਮੀਦਾਂ,
ਰਾਹਾਂ ਨੂੰ ਚਾਨਣ ਕਰ ਜਾਂਦੇ।
ਜੋ ਮਿਹਨਤ ਕਰਦਾ ਦਿਲੋਂ,
ਉਹ ਸਫਲਤਾ ਪਾਂਦਾ ਹੈ,
ਸਵੇਰ ਦੱਸਦੀ ਹਰ ਕਿਸੇ ਨੂੰ,
ਉਠੋ—ਨਵਾਂ ਦਿਨ ਆਇਆ।

ਪ੍ਰਸ਼ਨ.1. ਕਵਿਤਾ ਵਿੱਚ ਸਵੇਰ ਦੀ ਰੋਸ਼ਨੀ ਕਿੱਥੇ ਫੈਲਦੀ ਹੈ?
. ਉੱਤਰ**-** ਧਰਤੀ ਤੇ
ਪ੍ਰਸ਼ਨ 2. ਚਿੜੀਆਂ ਦੀ ਬੋਲੀ ਕਿਸ ਤਰ੍ਹਾਂ ਦੀ ਦੱਸੀ ਗਈ ਹੈ?
. ਉੱਤਰ**-**ਮਿੱਠੀ

Q-3 ਵਿਆਕਰਨ
. 1.ਭਵਿੱਖਤ ਕਾਲ ਕਿਸਨੂੰ ਕਹਿੰਦੇ ਹਨ?
. ਉੱਤਰ- ਆਉਣ ਵਾਲਾ ਸਮੇਂ ਨੂੰ ਭਵਿੱਖਤ ਕਾਲ ਕਹਿੰਦੇ ਹਨ।
2. ਰਾਮ ਪੰਜਾਬੀ ਪੜ੍ਹ ਰਿਹਾ ਹੈ? ਕਿਰਿਆ ਦੀ ਕਿਸਮ ਦੱਸੋ?

. ਉੱਤਰ- ਸਕਰਮਕ ਕਿਰਿਆ

3. ਮੁਹਾਵਰਾ(ਅਰਥ+ਵਾਕ)- ਹਰਨ ਹੋ ਜਾਣਾ

. ਉੱਤਰ -ਅਰਥ- ਦੌੜ ਜਾਣਾ

4.ਕਥਨ (Statement): ਪੜਨਾਂਵ ਵਾਕ ਵਿਚ ਨਾਂਵ ਦੀ ਦੁਹਰਾਈ ਨੂੰ ਰੋਕਦਾ ਹੈ।

. ਕਾਰਨ(Reason) : ਕਿਉਂਕਿ ਪੜਨਾਂਵ ਨਾਂਵ ਦੀ ਥਾਂ 'ਤੇ ਵਰਤਿਆ ਜਾਂਦਾ ਹੈ।

(A) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ ਕਥਨ ਨੂੰ ਠੀਕ ਸਮਝਾਉਂਦਾ ਹੈ।

(B) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ ਕਥਨ ਨੂੰ ਨਹੀਂ ਸਮਝਾਉਂਦਾ।

(C) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

(D) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

ਉੱਤਰ**- (A)**

5. ਪੋਲਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਗੋਲਾ B. ਸਖ਼ਤ C. ਗਾੜ੍ਹਾ D.ਹੋਲਾ

. ਉੱਤਰ**: B.** ਸਖ਼ਤ

6.' ਮਹੀਨੇ ਮਗਰੋਂ ਨਿਕਲਣ ਵਾਲਾ ਅਖ਼ਬਾਰ,' ਵਾਕ ਦਾ ਇੱਕ ਸ਼ਬਦ ਚੁਣੋ?

A. ਮਾਸਿਕ B. ਸਪਤਾਹਿਕ C. ਰੋਜ਼ਾਨਾ D. ਟਕਸਾਲ

. ਉੱਤਰ**- A.** ਮਾਸਿਕ

7. ਸ਼ੁੱਧ ਰੂਪ ਚੁਣੋ-

A.ਪ੍ਰੀਖਿਆ. B. ਪਰੀਖਿਆ C. ਪਰਿਖਿਆ D. ਪ੍ਰਿਖਿਆ

. ਉੱਤਰ**-A.**ਪ੍ਰੀਖਿਆ

8. ਦਿਆਲ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ

. A. ਪ੍ਰਸੰਨ B. ਸਿਆਣਾ C. ਸੱਜਣ D.ਸੇਵਕ

. ਉੱਤਰ**-** ਸੱਜਣ

9. ਉੱਤੇ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਉੱਪਰ B. ਥੱਲੇ C. ਖੱਬੇ D. ਸੱਜੇ

.ਉੱਤਰ**-** ਥੱਲੇ

.

**-Q-4**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ

ਪ੍ਰਸ਼ਨ- ਬਸੰਤ ਕਵਿਤਾ ਵਿੱਚ ਬਸੰਤ ਕੌਰ ਕਿਸ ਨੂੰ ਕਿਹਾ ਗਿਆ ਹੈ?

. ਉੱਤਰ**-**ਬਸੰਤ ਰੁੱਤ ਨੂੰ

ਪ੍ਰਸ਼ਨ- ਸੋਨੂੰ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ?

. ਉੱਤਰ**-**ਅੱਠਵੀਂ ਜਮਾਤ

ਪ੍ਰਸ਼ਨ-ਭਗਤ ਸਿੰਘ ਨੇ ਕਿਹੜੇ ਪੁਲਿਸ ਉਪ-ਕਪਤਾਨ

. ਨੂੰ ਮਾਰਿਆ ਸੀ?

. ਉੱਤਰ**-** ਸਾਂਡਰਸ ਨੂੰ

. ਪ੍ਰਸ਼ਨ-ਕਿਹੜਾ ਮੁਗ਼ਲ ਬਾਦਸ਼ਾਹ ਗੁਰੂ-ਘਰ ਵਿੱਚ ਲੰਗਰ ਛਕਣ ਆਇਆ?

. ਉੱਤਰ**-** ਅਕਬਰ